United Nations A/C.3/59/L.25

# General Assembly

Distr.: Limited
15 October 2004

Original: English

ਉਣਾਹਟਵਾਂ ਸੈਸ਼ਨ

**ਤੀਸਰੀ ਕਮੇਟੀ**

ਏਜੰਡਾ ਆਈਟਮ 98

**ਔਰਤਾਂ ਦੇ ਹੱਕਾਂ ਦੌ ਪ੍ਰੋੜਤਾ**

**ਆਸਟ੍ਰੇਲੀਆ, ਆਸਟਰੀਆ, ਐਜ਼ਰਬਾਈਜਾਨ, ਬੈਲਜੀਅਮ, ਬ੍ਰਾਈਲ, ਕੈਨੇਡਾ, ਕੋਲੰਬੀਆ, ਕ੍ਰੋਏਸ਼ੀਆ, ਸਾਈਪਰਸ, ਚੈਕ ਰਿਪਬਲਿਕ, ਡੈਨਮਾਰਕ, ਐਲ ਸੈਲਵੇਡੋਰ, ਐਸਟੋਨੀਆ, ਫ਼ਿਨਲੈਂਡ, ਗਰਮਨੀ, ਗਰੀਸ, ਹੰਗਰੀ, ਆਇਰਲੈਂਡ, ਇਸਰਾਈਲ, ਇਟਲੀ, ਜਾਪਾਨ, ਲੈਟਵੀਆ, ਲਕਸਮਬਰਗ, ਨੈਦਰਲੈਂਡਜ਼, ਨਾਈਜੀਰੀਆ, ਨੌਰਵੇ, ਪੋਲੈਂਡ, ਪੁਰਤਗਾਲ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ, ਸਵਿਟਜ਼ਰਲੈਂਡ, ਮੈਸੀਡੋਨੀਆ ਦੀ ਸਾਬਕਾ ਯੂਗੋਸਲਾਵ ਰਿਪਬਲਿਕ, ਟਰਕੀ, ਯੂਗਾਂਡਾ, ਯੂਨਾਈਟਿਡ ਕਿੰਗਡਨ ਆੱਵ ਗ੍ਰੇਟ ਬ੍ਰਿਟੇਨ ਐਂਡ ਨਾਰਦਰਨ ਆਇਰਲੈਂਡ, ਯੂਨਾਈਟਿਡ ਰਿਪਬਲਿਕ ਆੱਵ ਤਨਜ਼ਾਨੀਆ, ਯੂਰੋਗੋਏ ਅਤੇ ਵੈਨੂਆਟੂ: ਪ੍ਰਸਤਾਵ ਦਾ ਖਰੜਾ**

## ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਕੀਤੇ ਜਾਣ ਵਾਲੇ ਜੁਰਮਾਂ ਨੂੰ ਖ਼ਤਮ ਕਰਨ ਦੇ ਯਤਨ ਕਰਨਾ

*ਜਨਰਲ ਅਸੈਂਬਲੀ,*

ਮਨੁੱਖੀ ਹੱਕਾਂ ਅਤੇ ਬੁਨਿਆਦੀ ਸੁਤੰਤਰਤਾ ਦੀ ਰਾਖੀ ਵਿਚ *ਫਿਰ ਤੋਂ ਯਕੀਨ ਪ੍ਰਗਟ ਕਰਦੀ* ਹੈ, ਜਿਹਨਾਂ ਵਿਚ ਕਿਸੇ ਵਿਅਕਤੀ ਦੇ ਜੀਵਨ, ਸੁਤੰਤਰਤਾ ਅਤੇ ਸੁਰੱਖਿਆ ਦੇ ਹੱਕ ਵੀ ਸ਼ਾਮਿਲ ਹਨ, ਜਿਹੜੇ ਯੂਨੀਵਰਸਲ ਡੈਕਲਰੇਸ਼ਨ ਆਫ਼ ਹਿਊਮਨ ਰਾਈਟਸ [1] ਵਿਚ ਬਿਆਨ ਕੀਤੇ ਗਏ ਹਨ, ਅਤੇ ਮਨੁੱਖੀ ਹੱਕ[2], ਖ਼ਾਸ ਤੌਰ 'ਤੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਹੱਕਾਂ ਬਾਰੇ ਕੌਮਾਂਤਰੀ ਕਨਵੈਨਸ਼ਨ[2], ਅਤੇ ਔਰਤਾਂ ਦੇ ਖ਼ਿਲਾਫ਼ ਹਰ ਕਿਸਮ ਦਾ ਵਿਤਕਰਾ ਕਰਨ ਦੇ ਵਿਰੁੱਥ ਕਨਵੈਨਸ਼ਨ[3], ਅਤੇ ਬੱਚੇ ਦੇ ਹੱਕਾਂ ਬਾਰੇ ਕਨਵੈਨਸ਼ਨ[4] 'ਤੇ ਫਿਰ ਜ਼ੋਰ ਦਿੰਦੀ ਹੈ,

ਵੀਆਨਾ ਡੈਕਲੇਰੇਸ਼ਨ ਅਤੇ ਪ੍ਰੋਗਰਾਮ ਆੱਵ ਐਕਸ਼ਨ[5], ਅਤੇ ਔਰਤਾਂ ਵਿਰੁੱਧ ਹੋਣ ਵਾਲੀ ਹਿੰਸਾ ਨੂੰ ਖ਼ਤਮ ਕਰਨ ਵਾਲੀ ਡੈਕਲਰੇਸ਼ਨ[6], ਅਤੇ ਔਰਤਾਂ ਬਾਰੇ ਦੁਨੀਆ ਦੀ ਚੌਥੀ ਕਨਵੈਨਸ਼ਨ ਵਿਚ ਅਪਣਾਏ ਬੇਯਿੰਗ ਡੈਕਲੇਰੇਸ਼ਨ ਅਤੇ ਪਲੈਟਫ਼ਾਰਮ ਫ਼ਾਰ ਐਕਸ਼ਨ[7], ਅਤੇ ਜਨਰਲ ਐਂਬਲੀ ਦੇ ਖ਼ਾਸ ਇਜਲਾਸ "ਔਰਤਾਂ 2000: ਜਿਨਸੀ ਬਰਾਬਰੀ, ਅਤੇ ਇੱਕੀਵੀਂ ਸਦੀ ਵਿਚ ਸ਼ਾਂਤੀ ਸਥਪਨਾ", [8] 'ਤੇ *ਮੁੜ ਜ਼ੋਰ ਦਿੰਦੀ ਹੈ,*

1 Resolution 217 A (III)
2 See resolution 2200 A (XXI), annex
3 Resolution 34/180, annex
4 Resolution 44/25, annex
5 A/CONF.157/24 (Part I), chap III
6 Seer resolution 48/104
7 *Report of the Fourth World Conference on Women, Beijing, 4-15 September 1995* (United Nations Publication, sales No. E.96.IV.13), chap I, resolution 1, annex 1 and II.
8 Resolution S-23-3,annex

ਆਪਣੇ 18 ਦਸੰਬਰ 2002 ਦੇ ਪ੍ਰਸਤਾਵ 57/179 ਅਤੇ 22 ਦਸੰਬਰ 2003 ਦੇ ਪ੍ਰਸਤਾਵ 58/147 ਨੂੰ ਅਤੇ ਮਨੁੱਖੀ ਹੱਕਾਂ ਦੇ ਕਮਿਸ਼ਨ ਦੇ 20 ਅਪ੍ਰੈਲ 2004 ਦੇ ਪ੍ਰਸਤਾਵ 2004/46 ਨੂੰ *ਯਾਦ ਕਰਦੀ ਹੈ* ,[9]

ਆਪਣੇ 22 ਦਸੰਬਰ 2003 ਦੇ ਪ੍ਰਸਤਾਵ 58/185 ਨੂੰ ਵੀ *ਯਾਦ ਕਰਦੀ ਹੈ*, ਜਿਸ ਵਿਚ ਇਹਨੇ ਔਰਤਾਂ ਵਿਰੁੱਧ ਹੋਣ ਵਾਲੀ ਹਿੰਸਾ ਅਤੇ ਇੱਜ਼ਤ ਦੇ ਨਾਂ 'ਤੇ ਹੋਣ ਵਾਲੇ ਜੁਰਮਾਂ ਦਾ ਗਹਿਨ ਅਧਿਐਨ ਕਰਨ 'ਤੇ ਜ਼ੋਰ ਦਿੱਤਾ ਸੀ, ਅਤੇ ਆਪਣੇ 18 ਦਸੰਬਰ 2002 ਦੇ ਪ੍ਰਸਤਾਵ 57/190 ਨੂੰ ਵੀ *ਯਾਦ ਕਰਦੀ ਹੈ*, ਜਿਸ ਵਿਚ ਇਹਨੇ ਬੱਚਿਆਂ ਵਿਰੁੱਧ ਹੋਣ ਵਾਲੀ ਹਿੰਸਾ ਦਾ ਗਹਿਨ ਅਧਿਐਨ ਕਰਨ 'ਤੇ ਜ਼ੋਰ ਦਿੱਤਾ ਸੀ,

ਇਹ ਗੱਲ *ਮਨ ਵਿਚ ਰੱਖਦੀ* ਹੈ ਕਿ ਦੇਸ਼ਾਂ ਦਾ ਇਹ ਫ਼ਰਜ਼ ਹੈ ਕਿ ਉਹ ਲਗਨਸ਼ੀਲ ਹੋ ਕੇ ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਨਾਲ ਹੋਣ ਵਾਰੇ ਜੁਰਮਾਂ ਨੂੰ ਰੋਕਣ, ਉਹਨਾਂ ਬਾਰੇ ਛਾਣਬੀਣ ਕਰਨ, ਅਤੇ ਜੁਰਮ ਦਾ ਨਿਸ਼ਾਨਾ ਬਣਨ ਵਾਲੀਆਂ ਦੀ ਹਿਫ਼ਾਜ਼ਤ ਕਰਨ, ਅਤੇ ਅਜਿਹਾ ਨਾ ਕਰਨਾ ਮਨੁੱਖੀ ਅਧਿਕਾਰਾਂ ਅਤੇ ਬੁਿਅਤਾਦੀ ਸੁਤੰਤਰਤਾਵਾਂ ਦੇ ਵਿਰੁੱਧ ਹੈ, ਇਹਨਾਂ ਨੂੰ ਨਕਾਰਦਾ ਹੈ ਅਤੇ ਇਹਨਾਂ ਦਾ ਫ਼ਾਇਦਾ ਲੈਣ ਦੇ ਰਾਹ ਵਿਚ ਅੜਚਨ ਬਣਦਾ ਹੈ,

ਔਰਤਾਂ ਅਤੇ ਕੁੜੀਆਂ ਨਾਲ ਹੋਣ ਵਾਲੀ ਹਰ ਕਿਸਮ ਦੀ ਹਿੰਸਾ, ਜਿਸ ਵਿਚ ਇੱਜ਼ਤ ਦੇ ਨਾਂ 'ਤੇ ਕੀਤੇ ਜਾਣ ਵਾਲੇ ਜੁਰਮ ਵੀ ਸ਼ਾਮਿਲ ਹਨ, ਨੂੰ ਜੁਰਮ ਕਰਾਰ ਦਿੱਤੇ ਜਾਣ 'ਤੇ *ਜ਼ੋਰ ਦਿੰਦੀ ਹੈ*, ਜਿਹਨਾਂ ਦੀ ਸਜ਼ਾ ਕਾਨੂੰਨ ਵਲੋਂ ਮਿਲਣੀ ਚਾਹੀਦੀ ਹੈ,

ਔਰਤਾਂ ਦੇ ਵਿਰੁੱਧ ਹੋਣ ਵਾਲੇ ਅਨੇਕ ਰੂਪਾਂ ਵਾਲੇ ਜੁਰਮਾਂ, ਜਿਹਨਾਂ ਵਿਚ ਇੱਜ਼ਤ ਦੇ ਨਾਂ 'ਤੇ ਕੀਤੇ ਜਾਣ ਵਾਲੇ ਜੁਰਮ ਵੀ ਸ਼ਾਮਿਲ ਹਨ, ਦੇ ਕਾਰਨਾਂ ਨੂੰ ਸਮਝ ਕੇ ਉਹਨਾਂ ਨੂੰ ਅਸਰਦਾਈ ਢੰਗ ਨਾਲ ਦੂਰ ਕਰਨ 'ਤੇ *ਵੀ ਜ਼ੋਰ ਦਿੰਦੀ* ਹੈ,

*ਜਾਣਦੀ ਹੈ* ਕਿ ਔਰਤਾਂ ਦੇ ਵਿਰੁੱਧ ਹੋਣ ਵਾਲੇ ਜੁਰਮਾਂ, ਜਿਹਨਾਂ ਵਿਚ ਇੱਜ਼ਤ ਦੇ ਨਾਂ 'ਤੇ ਕੀਤੇ ਜਾਣ ਵਾਲੇ ਜੁਰਮ ਵੀ ਸ਼ਾਮਿਲ ਹਨ, ਬਾਰੇ ਕਾਫ਼ੀ ਜਾਣਕਾਰੀ ਨਹੀਂ ਮਿਲਦੀ, ਜਿਹਦੇ ਨਾਲ ਘਰੇਲੂ ਅਤੇ ਕੌਮਾਂਤਰੀ ਪੱਧਰ 'ਤੇ ਵੀ ਸੂਝ ਬੂਝ ਨਾਲ ਪਾਲਿਸੀ ਦੀ ਜਾਂਚ ਪੜਤਾਲ ਕਰਨ ਅਤੇ ਇਸ ਹਿੰਸਾ ਨੂੰ ਦੂਰ ਕਰਨ ਦੇ ਰਾਹ ਵਿਚ ਅੜਚਨਾਂ ਆਉਂਦੀਆਂ ਹਨ,

*ਬਹੁਤ ਚਿੰਤਿਤ ਹੈ* ਕਿ ਔਰਤਾਂ ਅਤੇ ਕੁੜੀਆਂ ਅਜਿਹੇ ਜੁਰਮਾਂ ਦੀਆਂ ਸ਼ਿਕਾਰ ਹੋ ਰਹੀਆਂ ਹਨ, ਜਿਹਨਾਂ ਦਾ ਜ਼ਿਕਰ ਮਨੁੱਖੀ ਅਧਿਕਾਰਾਂ ਦੀ ਕਮੇਟੀ, ਔਰਤਾਂ ਨਾਲ ਵਿਤਕਰਾ ਦੂਰ ਕਰਨ ਨਾਲ ਸੰਬੰਧਤ ਕਮੇਟੀ, ਬੱਚਿਆਂ ਦੇ ਹੱਕਾਂ ਬਾਰੇ ਕਮੇਟੀ ਅਤੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਹੱਕਾਂ ਬਾਰੇ ਕਮੇਟੀ ਦੀਆਂ ਰਿਪੋਰਟਾਂ ਦੇ ਸੰਬੰਧਤ ਹਿੱਸਿਆਂ ਵਿਚ ਅਤੇ ਇਹਨਾਂ ਦੋਂ ਬਾਅਦ ਔਰਤਾਂ ਦੇ ਵਿਰੁੱਧ ਹਿੰਸਾ ਅਤੇ ਇਹਦੇ ਨਤੀਜਿਆਂ ਬਾਰੇ ਬਾਰੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦੇ ਸਪੈਸ਼ਲ ਰੈਪੋਟਿਓ ਦੀਆਂ ਰਿਪੋਰਟਾਂ ਵਿਚ ਕੀਤਾ ਗਿਆ ਹੈ,[10]

ਇਸ ਗੱਲ 'ਤੇ *ਜ਼ੋਰ ਦਿੰਦੀ ਹੈ* ਕਿ ਅਜਿਹੇ ਜੁਰਮ ਸਾਰੀਆਂ ਧਾਰਮਿਕ ਅਤੇ ਸੱਭਿਆਚਾਰਕ ਕਰਦਾਂ ਕੀਮਤਾਂ ਦੇ ਵਿਰੁੱਧ ਹਨ,

ਇਸ ਗੱਲ 'ਤੇ *ਵੀ ਜ਼ੋਰ ਦਿੰਦੀ* ਹੈ ਕਿ ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਨਾਲ ਹੋਣ ਵਾਲੇ ਜੁਰਮ ਖ਼ਤਮ ਕਰਨ ਲਈ ਸਰਕਾਰਾਂ ਅਤੇ ਕੌਮਾਂਤਰੀ ਭਾਈਚਾਰੇ ਨੂੰ ਹੁਣ ਨਾਲੋਂ ਵੱਧ ਵੱਧ ਯਤਨ ਕਰਨ ਅਤੇ ਪ੍ਰਤੀਬੱਧ ਹੋਣ ਦੀ ਲੋੜ ਹੈ - ਜਿਹਨਾਂ ਲਈ ਕੌਮਾਂਤਰੀ ਸਹਿਯੋਗ ਨਾਲ ਕੀਤੇ ਜਾਣ ਵਾਲੇ ਕੰਮਾਂ, ਸੱਭਯ ਸਮਾਜ; ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਸਮਾਜ ਦੇ ਦ੍ਰਿਸ਼ਟੀਕੋਣ ਵਿਚ ਬੁਨਿਆਦੀ ਤਬਦੀਲੀਆਂ ਕਰਨ ਦੀ ਲੋੜ ਹੈ,

ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਨਾਲ ਹੋਣ ਵਾਲੇ ਜੁਰਮਾਂ ਨੂੰ ਰੋਕਣ ਅਤੇ ਖ਼ਤਮ ਕਰਨ ਲਈ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਉਣ ਅਤੇ ਫ਼ੈਸਲੇ ਕਰਨ ਅਤੇ ਪਾਲਿਸੀ ਬਣਾਉਣ ਦੇ ਕੰਮਾਂ ਨੂੰ ਉਹਨਾਂ ਦਾ ਅਸਰਦਾਈ ਯੋਗਦਾਨ ਹੋਣ 'ਤੇ ਖ਼ਾਸ ਜ਼ੋਰ ਦਿੰਦੀ ਹੈ,

1. *ਇਹਨਾਂ ਦਾ ਸਵਾਗਤ ਕਰਦੀ ਹੈ:*

(ੳ) ਔਰਤਾਂ ਦੇ ਵਿਰੁੱਧ ਹੋਣ ਵਾਲੀ ਹਿੰਸਾ ਬਾਰੇ ਸੈਕ੍ਰੇਟਰੀ ਜਨਰਲ ਦੀ ਰਿਪੋਰਟ;[11]

____________________

[9] See *Official Records of the Economic and Social Council, 2004, Supplement No. 3* (E/2004/23), chap. II, sect. A.

[10] E/CN.4/2002/83, paras. 21-37.

[11] A/59/281.

(ਅ) ਇੱਜ਼ਤ ਦੇ ਨਾਂ 'ਤੇ ਔਰਤਾਂ ਵਿਰੁੱਧ ਕੀਤੇ ਜਾਣ ਵਾਲੇ ਜੁਰਮਾਂ ਨੂੰ ਖ਼ਤਮ ਕਰਨ ਲਈ ਸਰਕਾਰਾਂ ਵਲੋਂ ਕੀਤੇ ਕੰਮ ਅਤੇ ਸ਼ੁਰੂ ਕੀਤੇ ਉੱਦਮ, ਅਜਿਹੇ ਕਾਨੂੰਨਾਂ ਅਤੇ ਵਿੱਦਿਅਕ, ਸਮਾਜਕ ਅਤੇ ਹੋਰ ਢੰਗ ਲਾਗੂ ਕਰਨਾ, ਜਿਹਨਾਂ ਵਿਚ ਕੌਮੀ ਪੱਧਰ 'ਤੇ ਜਾਣਕਾਰੀ ਦੇਣ ਅਤੇ ਸੂਝ ਬੂਝ ਵਧਾਉਣ ਦੀਆਂ ਮੁਹਿੰਮਾਂ ਅਤੇ ਅਜਿਹੇ ਸਰਕਾਰੀ ਕੰਮ ਜਿਹਨਾਂ ਦਾ ਮੰਤਵ ਔਰਤਾਂ ਦੇ ਵਿਰੁੱਧ ਹੋਣ ਵਾਲੀ ਹੋਰ ਕਿਸਮ ਦੀ ਹਿੰਸਾ ਨੂੰ ਖ਼ਤਮ ਕਰਨਾ ਹੈ;

(ੲ) ਔਰਤਾਂ ਦੇ ਵਿਰੁੱਧ ਇੱਜ਼ਤ ਦੇ ਨਾਂ 'ਤੇ ਕੀਤੇ ਜਾਣ ਵਾਲੇ ਜੁਰਮਾਂ ਨਾਲ ਨਿਪਟਣ ਅਤੇ ਇਸ ਕੰਮ ਲਈ ਕੀਤੇ ਜਾਣ ਵਾਲੇ ਯਤਨਾਂ ਵਿਚ ਤਾਲਮੇਲ ਕਰਨ ਲਈ ਯੂਨਾਈਟਿਡ ਨੇਸ਼ਨਜ਼ ਵਲੋਂ ਕੀਤੇ ਕੰਮ ਅਤੇ ਚਲਾਏ ਗਏ ਪ੍ਰਾਜੈਕਟ, ਫ਼ੰਡ ਅਤੇ ਪ੍ਰੋਗਰਾਮ, ਜਿਹਨਾਂ ਵਿਚ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫ਼ੰਡ, ਯੂਨਾਈਟਿਡ ਨੇਸ਼ਨਜ਼ ਚਿਲਡਰਨਜ਼ ਫ਼ੰਡ ਓਤੇ ਯੂਨਾਈਟਿਡ ਨੇਸ਼ਨਜ਼ ਫ਼ੰਡ ਫ਼ਾੱਰ ਵਿਮੈਨ ਵੀ ਸ਼ਾਮਿਲ ਹਨ;

(ਸ) ਇਹਨਾਂ ਜੁਰਮਾਂ ਅਤੇ ਇਹਨਾਂ ਦੇ ਅਸਰਾਂ ਬਾਰੇ ਸੂਝ ਬੂਝ ਵਧਾਉਣ ਲਈ ਸੱਭਯ ਸਮਾਜ ਵਲੋਂ ਕੀਤੇ ਜਾਣ ਵਾਲੇ ਕੰਮ, ਜਿਹਨਾਂ ਵਿਚ ਔਰਤਾਂ ਦੀਆਂ ਸੰਸਥਾਵਾਂ, ਗਰਾਸ-ਰੂਟ ਮੁਹਿੰਮਾਂ ਅਤੇ ਵਿਅਕਤੀ ਸ਼ਾਮਿਲ ਹਨ;

2. *ਚਿੰਤਾ ਪ੍ਰਗਟ ਕਰਦੀ ਹੈ* ਕਿ ਦੁਨੀਆ ਦੇ ਸਭ ਹਿੱਸਿਆਂ ਵਿਚ ਇੱਜ਼ਤ ਦੇ ਨਾਂ ਕੀਤੇ ਜਾਣ ਵਾਲੇ ਜੁਰਮਾਂ ਦਾ ਸ਼ਿਕਾਰ ਔਰਤਾਂ ਹੋ ਰਹੀਆਂ ਹਨ ਅਤੇ ਉਹਨਾਂ ਨਾਲ ਬਹੁਤ ਕਿਸਮ ਦੀ ਹਿੰਸਾ ਹੁੰਦੀ ਹੈ, ਅਤੇ ਇਹ ਜੁਰਮ ਕਾਰਨ ਵਾਲਿਆਂ ਨੂੰ ਵਿਰੁੱਧ ਕਾਨੂੰਨੀ ਕਾਰਵਾਈ ਮਕਰਕੇ ਉਹਨਾਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ;

3. ਸਾਰੇ ਦੇਸ਼ਾਂ ਨੂੰ *ਅਨੁਰੋਧ* ਕਰਦੀ ਹੈ ਕਿ:

(ੳ) ਉਹ ਮਨੁੱਖੀ ਹੱਕਾਂ ਬਾਰੇ ਸੰਬੰਧਤ ਕੌਮਾਂਤਰੀ ਢੰਗਾਂ ਦੀ ਵਰਤੋਂ ਕਰਕੇ ਬੇਯਿੰਗ ਡੈਕਲੇਰੇਸ਼ਨ ਅਤੇ ਪਲੈਟਫ਼ਾਰਮ ਫ਼ਾਰ ਐਕਸ਼ਨ ਅਤੇ ਜਨਰਲ ਅਸੈਂਬਲੀ ਦੇ ਸੈਸ਼ਨ ਦੇ ਸਿੱਟੇ ਵਲੋਂ ਤਿਆਰ ਹੋਏ ਦਸਤਾਵੇਜ਼ ਨੂੰ ਲਾਗੂ ਕਰਨ;

(ਅ) ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਅਨੇਕ ਰੂਪਾਂ ਵਿਚ ਹੋਣ ਵਾਲੇ ਜੁਰਮਾਂ ਨੂੰ ਰੋਕਣ ਅਤੇ ਖ਼ਤਮ ਕਰਨ ਲਈ ਆਪਣੇ ਯਤਨਾਂ ਨੂੰ ਜਾਰੀ ਰੱਖਣ ਅਤੇ ਹੋਰ ਤੇਜ਼ ਕਰਨ ਅਤੇ ਇਸ ਕੰਮ ਲਈ ਕਾਨੂੰਨੀ, ਪ੍ਰਬੰਧਕੀ ਅਤੇ ਢੰਗ ਵਰਤਣ ਅਤੇ ਪ੍ਰੋਗਰਾਮ ਬਣਾਉਣ;

(ੲ) ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਵਾਰੇ ਤੁਰੰਤ ਮੁਕੰਮਲ ਜਾਂਚ ਪੜਤਾਲ ਕਰਨ, ਉਹਨਾਂ ਦੇ ਅਸਰਦਾਈ ਮੁਕੱਦਮਾ ਚਲਾਉਣ ਅਤੇ ਇਹਨਾਂ ਨੂੰ ਦਸਤਾਵੇਜ਼ੀ ਰੂਪ ਦੇਣ;

(ਸ) ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਅਤੇ ਇਹਨਾਂ ਨੂੰ ਰੋਕਣ ਦੀ ਲੋੜ ਬਾਰੇ ਲੋਕਾਂ ਦੀ ਸੂਝ ਬੂਝ ਵਿਚ ਵਾਧਾ ਕਰਨ ਦੀ ਮੁਹਿੰਮ ਨੂੰ ਤੇਜ਼ ਕਰਨ, ਜਿਹਦਾ ਮੰਤਵ ਲੋਕਾਂ ਦੇ ਉਸ ਨਜ਼ਰੀਏ ਅਤੇ ਵਤੀਰੇ ਨੂੰ ਬਦਲਣਾ ਹੋਵੇ ਜੋ ਅਜਿਹੇ ਜੁਰਮਾਂ ਨੂੰ ਹੋਣ ਦਿੰਦਾ ਹੈ, ਅਤੇ ਇਸ ਕੰਮ ਵਿਚ ਕਮਿਉਨਿਟੀ ਦੇ ਲੀਡਰਾਂ ਨੂੰ ਸ਼ਾਮਿਲ ਕੀਤਾ ਜਾਏ;

(ਹ) ਜਿਨਸੀ ਬਰਾਬਰੀ ਨੂੰ ਬੜ੍ਹਾਵਾ ਦੇਣ ਅਤੇ ਗ਼ਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਅਤੇ ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਨੂੰ ਰੋਕਣ ਵਿਚ ਮਰਦਾਂ ਦੀ ਭੂਮਿਕਾ ਬਾਰੇ ਮਰਦਾਂ ਦੀ ਸੂਝ ਬੂਝ ਵਧਾਉਣ ਦੇ ਯਤਨਾਂ ਨੂੰ ਤੇਜ਼ ਕੀਤਾ ਜਾਏ;

(ਕ) ਇਹ ਯਕੀਨੀ ਬਣਾਇਆ ਜਾਏ ਕਿ ਇਹਨਾਂ ਮੁਹਿੰਮਾਂ ਬਾਰੇ ਜਾਣਕਾਰੀ ਵਿਚ ਵਾਧਾ ਕਰਨ ਲਈ ਮੀਡੀਆ ਦੇ ਯਤਨਾਂ ਨੂੰ ਪ੍ਰੋਤਸਾਹਨ ਦਿੱਤਾ ਜਾਏ;

(ਖ) ਇੱਜ਼ਤ ਦੇ ਨਾਂ 'ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਦੇ ਕਾਰਨਾਂ ਅਤੇ ਨਤੀਜਿਆਂ ਬਾਰੇ ਜਾਣਕਾਰੀ ਅਤੇ ਸੂਝ ਬੂਝ ਵਿਚ ਵਾਧਾ ਕਰਨ ਦੇ ਯਤਨਾਂ ਨੂੰ ਉਤਸ਼ਾਹ ਅਤੇ ਸਮਰਥਨ ਦਿੱਤਾ ਜਾਏ, ਜਿਹਨਾਂ ਵਿਚ ਪੁਲਿਸ ਕਰਮਚਾਰੀਆਂ, ਅਤੇ ਨਿਆਂਪਾਲਿਕਾ ਅਤੇ ਕਾਨੂੰਨ ਲਾਗੂ ਕਰਵਾਉਣ ਵਾਲਿਆਂ ਨੂੰ ਸਿਖਲਾਈ ਦਿੱਤੀ ਜਾਏ ਅਤੇ ਇਹਨਾਂ ਨਿਰਪੱਖ ਅਤੇ ਅਸਰਦਾਈ ਢੰਗ ਨਾਲ ਅਜਿਹੇ ਜੁਰਮਾਂ ਨਾਲ ਨਿਪਟਣ ਦੀ ਉਹਨਾਂ ਦੀ ਸ਼ਕਤੀ ਵਿਚ ਵਾਧਾ ਕੀਤਾ ਜਾਏ ਅਤੇ ਇਹ ਯਕੀਨੀ ਬਣਾਇਆ ਜਾਏ ਕਿ ਹਿਨਾਂ ਜੁਰਮਾਂ ਦਾ ਨਿਸ਼ਾਨਾ ਬਣਨ ਵਾਲੇ ਅਸਲ ਲੋਕਾਂ ਅਤੇ ਨਿਸ਼ਾਨਾ ਬਣ ਸਕਣ ਵਾਲਿਆਂ ਦੀ ਹਿਫ਼ਾਜ਼ਤ ਕੀਤੀ ਜਾਏ;

(ਗ) ਇਸ ਮਸਲੇ ਨਾਲ ਨਿਪਟਣ ਵਿਚ ਸੱਭਯ ਸਮਾਜ ਦੇ ਕੰਮ ਨੂੰ ਸਮਰਥਨ ਦਿੱਤਾ ਜਾਂਦਾ ਰਹੇ, ਜਿਹਨਾਂ ਵਿਚ ਗ਼ੈਰ-ਸਰਕਾਰੀ ਅਦਾਰੇ ਵੀ ਸ਼ਾਮਿਲ ਹਨ, ਅਤੇ ਅੰਤਰ-ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਹੋਰ ਤਕੜਾ ਸਹਿਯੋਗ ਦਿੱਤਾ ਜਾਏ;

(ਘ) ਅਜਿਹੇ ਜੁਰਮਾਂ ਦਾ ਨਿਸ਼ਾਨਾ ਬਣਨ ਵਾਲੇ ਅਸਲ ਲੋਕਾਂ ਅਤੇ ਨਿਸ਼ਾਨਾ ਬਣ ਸਕਣ ਵਾਲਿਆਂ ਲਈ ਸੇਵਾਵਾਂ ਤਿਆਰ ਕਰਨ ਅਤੇ ਉਹਨਾਂ ਨੂੰ ਵੱਧ ਮਜ਼ਬੂਤ ਕਰਨਾ, ਉਹਨਾਂ ਨੂੰ ਸਹੀ ਹਿਫ਼ਾਜ਼ਤ, ਸੁਰੱਖਿਅਤ ਆਸਰਾ, ਸਲਾਹ, ਕਾਨੂੰਨੀ ਮਦਦ, ਅਤੇ ਸਿਹਤ ਦੀ ਦੇਖਭਾਲ ਦੀ ਸੇਵਾ ਦੇਣਾ, ਜਿਸ ਵਿਚ ਜਿਨਸੀ ਸਿਹਤ, ਮਾਨਸਿਕ ਸਿਹਤ ਅਤੇ ਹੋਰ ਸੰਬੰਧਤ ਇਲਾਜ, ਅਤੇ ਸਮਾਜ ਵਿਚ ਸ਼ਾਮਿਲ ਕਰਨ ਅਤੇ ਮੁੜ-ਵਸਾਉਣ ਦੇ ਕੰਮ ਵੀ ਸ਼ਾਮਿਲ ਹੋਣ;

(ਙ) ਇਸ ਕੰਮ ਨੂੰ ਚੰਗੀ ਤਰ੍ਹਾਂ ਕਰਨ ਲਈ, ਇੱਜ਼ਤ ਦੇ ਨਾਂ ’ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਬਾਰੇ ਸ਼ਿਕਾਇਤਾਂ ਕੌਮੀ ਪੱਧਰ ’ਤੇ ਪ੍ਰਬੰਧ ਬਣਾਉਣੇ, ਮਜ਼ਬੂਤ ਕਰਨੇ ਅਤੇ ਸਹਿਜ ਕਰਨੇ ਚਾਹੀਦੇ ਹਨ, ਤਾਕਿ ਪੀੜਿਤ ਲੋਕ ਅਤੇਰ ਹੋਰ ਲੋਕ ਸੁਰੱਖਿਅਤ ਅਤੇ ਰਾਜ਼ਦਾਰੀ ਦੇ ਮਾਹੌਲ ਵਿਚ ਜੁਰਮਾਂ ਦੀ ਰਿਪੋਰਟ ਕਰ ਸਕਣ;

(ਚ) ਅਜਿਹੇ ਜੁਰਮਾਂ ਦੇ ਹੋਣ ਬਾਰੇ ਆਂਕੜੇ ਇਕੱਠੇ ਕਰਕੇ ਹੋਰਨਾਂ ਨੂੰ ਦੱਸਣਾ, ਜਿਸ ਵਿਚ ਲਿੰਗ ਅਤੇ ਉਮਰ ਕਾਰਨ ਘਠਾਈ ਜਾਣਕਾਰੀ ਵੀ ਸ਼ਾਮਿਲ ਹੋਵੇ, ਅਤੇ ਇਹ ਜਾਣਕਾਰੀ ਇੱਜ਼ਤ ਦੇ ਨਾਂ ’ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਬਾਰੇ ਪ੍ਰਸਤਾਵ 58/185 ਦੇ ਅਨੁਸਾਰ ਮੁਕੰਮਲ ਰਿਪੋਰਟ ਤਿਆਰ ਕਰਨ ਲਈ ਅਤੇ ਬੱਚਿਆਂ ਦੀ ਵਿਰੁੱਧ ਹੋਣ ਵਾਲੀ ਹਿੰਸਾ ਬਾਰੇ ਪ੍ਰਸਤਾਵ 57/190 ਦੇ ਅਨੁਸਾਰ ਮੁਕੰਮਲ ਰਿਪੋਰਟ ਤਿਆਰ ਕਰਨ ਲਈ ਵਰਤੀ ਜਾ ਸਕੇ;

(ਛ) ਜਿੱਥੇ ਵੀ ਹੋ ਸਕੇ, ਮਨੁੱਖੀ ਅਧਿਕਾਰਾਂ ਬਾਰੇ ਸਮਝੌਤੇ ਨਾਲ ਸੰਬੰਧਤ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਵਿਚ ਇੱਜ਼ਤ ਦੇ ਨਾਂ ’ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਵੀ ਸ਼ਾਮਿਲ ਕੀਤੀ ਜਾਏ;

4. *ਇਹਨਾਂ ਨੂੰ ਸੱਦਾ ਦਿੰਦੀ ਹੈ:*

(ੳ) ਕੌਮਾਂਤਰੀ ਕਮਿਉਨਿਟੀ ਨੂੰ, ਜਿਸ ਵਿਚ ਯੂਨਾਈਟਿਡ ਨੇਸ਼ਨਜ਼ ਸੰਸਥਾਵਾਂ, ਫ਼ੰਡ ਅਤੇ ਪ੍ਰੋਗਰਾਮ ਵੀ ਸ਼ਾਮਿਲ ਹਨ, ਕਿ ਉਹ ਆਪਣੀ ਤਕਨੀਕੀ ਮਦਦ, ਸੇਵਾਵਾਂ ਦੇ ਪ੍ਰਗਰਾਮਾਂ ਅਤੇ ਸਭ ਦੇਸ਼ਾਂ ਦੀ ਮਦਦ ਕਰਨ ਦੇ ਪ੍ਰੋਗਰਾਮਾਂ ਰਾਹੀਂ ਦੇਸ਼ਾਂ ਨੂੰ ਕਹਿਣ ਕਿ ਇੱਜ਼ਤ ਦੇ ਨਾਂ ’ਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਹੋਣ ਵਾਲੇ ਜੁਰਮਾਂ ਨੂੰ ਰੋਕਣ ਅਤੇ ਇਹਨਾਂ ਜੁਰਮਾਂ ਦੇ ਕਾਰਨਾਂ ਨੂੰ ਦੂਰ ਕਰਨ;

(ਅ) ਜਿੱਥੇ ਵੀ ਠੀਕ ਹੋਵੇ ਮਨੁੱਖੀ ਅਧਿਕਾਰਾਂ ਬਾਰੇ ਸਮਝੌਤੇ ਕਰਨ ਵਾਲੀਆਂ ਸੰਸਥਾਵਾਂ ਨੂੰ ਅਤੇ ਔਰਤਾਂ ਦੇ ਵਿਰੁੱਧ ਹੋਣ ਵਾਲੇ ਜੁਰਮਾਂ ਦੇ ਕਾਰਨਾਂ ਅਤੇ ਅਸਰਾਂ ਬਾਰੇ ਪਤਾ ਕਰਨ ਵਾਲੇ ਬਾਰੇ ਸਪੈਸ਼ਲ ਰੈਪੋਰਟਿਓ ਨੂੰ,ਕਿ ਉਹ ਇਸ ਮਸਲੇ ਨੂੰ ਸੁਲਝਾਉਣ ਦਾ ਯਤਨ ਕਰਦੇ ਰਹਿਣ;

5. *ਬੇਨਤੀ ਕਰਦੀ ਹੈ* - ਸੈਕ੍ਰੇਟਰੀ ਜਨਰਲ ਨੂੰ ਕਿ ਉਹ ਔਰਤਾਂ ਦੇ ਵਿਰੁੱਧ ਹੋਣ ਵਾਲੇ ਜੁਰਮਾਂ ਬਾਰੇ ਇਸ ਪ੍ਰਸਤਾਵ ਨੂੰ ਜਨਰਲ ਅਸੈਂਬਲੀ ਦੇ ਸੱਠਵੇਂ ਸੈਸ਼ਨ ਵਿਚ ਪੇਸ਼ ਕਰਨ।